ਈ ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ-ਜ਼ਿਲ੍ਹਾ ਟਰਾਂਸਪੋਰਟ ਅਫਸਰ,
ਲੁਧਿਆਣਾ।

ਨੰਬਰ ਫਸਟਕ/ਅਪੀਲ ਨੰਬਰ 4 ਆਫ 2015/4867
ਮਿਤੀ 5-2-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਫਸਟਕ/ਅਪੀਲ ਨੰਬਰ 4 ਆਫ 2016/1737 ਮਿਤੀ 15-1-16 ਦੇ ਸਬੰਧ ਵਿੱਚ।

2. ਆਪ ਨੂੰ ਸ੍ਰੀ ਰਾਜਨ ਕੁਮਾਰ ਪੁੱਤਰ ਲੇਟ ਸ੍ਰੀ ਦੇਸ ਰਾਜ ਵਾਸੀ ਬੀ-3-264 ਕੂਚਾ ਪੰਛਤ ਬੇਲੀ ਰਾਮ, ਪੁਰਾਣਾ ਬਜਾਰ ਲੁਧਿਆਣਾ ਦੀ ਪ੍ਰਤੀਬੇਨਤੀ ਮਿਤੀ 12-1-2016 ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 25-1-2016 ਨੂੰ 11.30 ਵਜੇ ਨਿਮਨਹਸਤਾਖਰ ਦੇ ਦਫਤਰੀ ਕਮਰੇ ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ ਐਕਟ, 2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਰਜਿਸਟਰਡ

ਪਿੱਠ ਅੰਕਣ ਨੰ: ਸਟਕ/ ਫਸਟਕ/ਅਪੀਲ ਨੰ: 4 ਆਫ 2015/4868 ਮਿਤੀ: 5-2-16

ਉਤਾਰਾ ਸ੍ਰੀ ਰਾਜਨ ਕੁਮਾਰ ਪੁੱਤਰ ਲੇਟ ਸ੍ਰੀ ਦੇਸ ਰਾਜ ਵਾਸੀ ਬੀ-3-264 ਕੂਚਾ ਪੰਛਤ ਬੇਲੀ ਰਾਮ, ਪੁਰਾਣਾ ਬਜਾਰ ਲੁਧਿਆਣਾ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

Mail Done

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ-ਜ਼ਿਲ੍ਹਾ ਟਰਾਂਸਪੋਰਟ ਅਫਸਰ,
ਲੁਧਿਆਣਾ।

ਨੰਬਰ ਫਸਟਕ/ਅਪੀਲ ਨੰਬਰ 4 ਆਫ 2015/ 1737
ਮਿਤੀ 15-1-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਆਪ ਨੂੰ ਸ੍ਰੀ ਰਾਜਨ ਕੁਮਾਰ ਪੁੱਤਰ ਲੇਟ ਸ੍ਰੀ ਦੇਸ ਰਾਜ ਵਾਸੀ ਬੀ-3-264 ਕੂਚਾ ਪੰਡਤ ਬੇਲੀ ਰਾਮ, ਪੁਰਾਣਾ ਬਜਾਰ ਲੁਧਿਆਣਾ ਦੀ ਪ੍ਰਤੀਬੇਨਤੀ ਮਿਤੀ 12-1-2016 (ਕਾਪੀ ਨੱਥੀ) ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 25-1-2016 ਨੂੰ 11.30 ਵਜੇ ਨਿਮਨਹਸਤਾਖਰ ਦੇ ਦਫਤਰੀ ਕਮਰੇ ਵਿੱਚ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਰਜਿਸਟਰਡ
ਪਿੱਠ ਅੰਕਣ ਨੰ: ਸਟਕ/ ਫਸਟਕ/ਅਪੀਲ ਨੰ: 4 ਆਫ 2015/ 1738 ਮਿਤੀ: 14-1-16

ਉਤਾਰਾ ਸ੍ਰੀ ਰਾਜਨ ਕੁਮਾਰ ਪੁੱਤਰ ਲੇਟ ਸ੍ਰੀ ਦੇਸ ਰਾਜ ਵਾਸੀ ਬੀ-3-264 ਕੂਚਾ ਪੰਡਤ ਬੇਲੀ ਰਾਮ, ਪੁਰਾਣਾ ਬਜਾਰ ਲੁਧਿਆਣਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਸਮਾਜ ਦੇ ਪ੍ਰਬੰਧਕ

## ਪਹਿਲੀ ਅਪੀਲ/ਸ਼ਿਕਾਇਤ

14/1/16

ਸੇਵਾ ਵਿਖੇ,

ਪਹਿਲੀ ਅਪੀਲ ਅਧਿਕਾਰੀ/ਸਟੇਟ ਟਰਾਂਸਪੋਰਟ ਕਮਿਸ਼ਨਰ,
ਪੰਜਾਬ, ਚੰਡੀਗੜ ।

ਵਿਸ਼ਾ : ਇਨਫੌਰਮੇਸ਼ਨ ਐਕਟ 2005 ਦੇ ਤਹਿਤ ਧਾਰਾ 19(1) ਦੇ ਤਹਿਤ ਪਹਿਲੀ ਅਪੀਲ/ਸ਼ਿਕਾਇਤ ।

ਵਿਸ਼ਾ : ਪੱਤਰ ਨੰ : 2970 ਮਿਤੀ: 09-12-2015 ਰਾਹੀ ਮੰਗੀ ਗਈ ਸੂਚਨਾ ਨਾ ਦੇਣ ਬਾਰੇ ।

ਸ੍ਰੀ ਮਾਨ ਜੀ,

1. ਮੈਂ ਸੂਚਨਾ ਦੇ ਅਧਿਕਾਰ 2005 ਦੇ ਤਹਿਤ ਆਪਜੀ ਦੇ ਵਿਭਾਗ ਸਕੱਤਰ ਸਥਾਨਕ ਸਰਕਾਰ ਪਾਸੋ ਪੱਤਰ ਨੰ : 2970 ਮਿਤੀ: 09-12-2015 ਰਾਹੀ ਉਪਰੋਕਤ ਵਿਸ਼ੇ ਅਧੀਨ ਸੂਚਨਾ ਮੰਗੀ ਸੀ (ਜਿਸਦੀ ਪੋਸਟਲ ਆਡਰ ਅਤੇ ਡਾਕਖਾਨੇ ਪੋਸਟ ਆਫਿਸ ਦੀ ਰਸੀਦ ਦੀ ਫੋਟੋ ਕਾਪੀ ਨਾਲ ਨੱਥੀ ਹੈ

2. ਸੂਚਨਾ ਦੇ ਅਧਿਕਾਰ 2005 ਤੇ ਤਹਿਤ ਸੂਚਨਾ ਦੇਣ ਦੇ ਲਈ ਨਿਰਧਾਰਤ ਸਮੇਂ ਦੇ ਖਤਮ ਹੋਣ ਦੇ ਬਾਵਜੂਦ ਲੋਕ ਸੂਚਨਾ ਅਧਿਕਾਰੀ ਵਲੋ ਮੈਨੂੰ ਹੁਣ ਤੱਕ ਕਿਸੀ ਤਰਾਂ ਦੀ ਸੂਚਨਾ ਨਹੀ ਦਿੱਤੀ ਗਈ ਹੈ

ਆਪਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸੂਚਨਾ ਦੇ ਅਧਿਕਾਰ 2005 ਦੀ ਧਾਰਾ 19(1) ਦੇ ਤਹਿਤ ਇਸ ਵਿਸ਼ੇ ਤੇ ਸੁਣਵਾਈ ਕੀਤੀ ਜਾਵੇ ਅਤੇ ਲੋਕ ਸੂਚਨਾ ਅਧਿਕਾਰੀ ਨੂੰ ਮੈਨੂੰ ਸੂਚਨਾ ਦੇਣ ਦੇ ਨਿਰਦੇਸ਼ ਦਿੱਤੇ ਜਾਣ । ਸੂਚਨਾ ਦੇ ਅਧਿਕਾਰ ਦੇ ਪਰਾਵਧਾਨ ਦੇ ਅਨੁਸਾਰ ਲੋਕ ਸੂਚਨਾ ਅਧਿਕਾਰੀ ਨੂੰ ਮੇਰੇ ਵਲੋ ਮੰਗੀ ਗਈ ਸਾਰੀ ਸੂਚਨਾ ਮੁਫਤ ਉਪਲਬਧ ਕਰਾਉਣ ਦਾ ਵੀ ਹੁਕਮ ਦਿੱਤਾ ਜਾਵੇ ਅਤੇ ਨਾਲ ਹੀ ਸੂਚਨਾ ਦੇ ਅਧਿਕਾਰ ਅਧਿਨਿਯਮ ਦੇ ਉਲੰਘਣ ਦੇ ਲਈ ਲੋਕ ਸੂਚਨਾ ਅਧਿਕਾਰੀ ਤੇ ਅਧਿਨਿਯਮ ਦੇ ਪਰਾਵਧਾਨ ਦੇ ਅਨੁਸਾਰ ਕਾਰਵਾਈ ਕਰਨ ਦਾ ਆਦੇਸ਼ ਦਿੱਤਾ ਜਾਵੇ । ਧੰਨਵਾਦ ਸਹਿਤ ।

ਨਾਲ ਨੱਥੀ :

1. ਪੋਸਟਲ ਆਡਰ ਦੀ ਫੋਟੋ ਕਾਪੀ
2. ਮੰਗੀ ਗਈ ਸੂਚਨਾ ਦੀ ਫੋਟੋ ਕਾਪੀ

ਮਿਤੀ 12-01-2016

ਆਪਜੀ ਦਾ ਸ਼ੁੱਭ ਚਿੰਤਕ

ਰਾਜਨ ਕੁਮਾਰ ਪੁੱਤਰ ਲੇਟ
ਸ੍ਰੀ ਦੇਸ ਰਾਜ ਵਾਸੀ ਬੀ-3-264,
ਕੂਚਾ ਪੰਡਤ ਬੇਲੀ ਰਾਮ, ਪੁਰਾਣਾ
ਬਜ਼ਾਰ ਲੁਧਿਆਣਾ ।

ਫਾਰਮ ( ਏ )
ਦੇਖੋ ਰੂਲ ਨੰਬਰ: 3 (1)
ਪੰਜਾਬ ਰਾਈਟ ਟੂ ਇੰਫਰਮੇਸ਼ਨ ਰੂਲਜ਼,
ਰਾਈਟ ਟੂ ਇੰਫਰਮੇਸ਼ਨ ਐਕਟ-2005
ਸਹਾਇਕ ਲੋਕ ਸੂਚਨਾ ਅਫਸਰ/ਲੋਕ ਸੂਚਨਾ ਅਫਸਰ

3970
9/12/15

| | | |
|---|---|---|
| 1 | ਦਫਤਰ ਦਾ ਨਾਂ ਅਤੇ ਪੂਰਾ ਪਤਾ ਜਿਸ ਨੂੰ ਅਰਜੀ ਦੇਣੀ ਹੈ | ਪਬਲਿਕ ਇੰਨਫੋਰਮੇਸ਼ਨ ਅਧਿਕਾਰੀ / ਡੀ.ਟੀ.ਓ. ਲੁਧਿਆਣਾ |
| 2 | ਪ੍ਰਾਰਥੀ ਦਾ ਨਾਮ | ਰਾਜਨ ਕੁਮਾਰ |
| 3 | ਪ੍ਰਾਰਥੀ ਦਾ ਨਾਮ ਪਤਾ (Adress) | ਰਾਜਨ ਕੁਮਾਰ ਪੁੱਤਰ ਲੇਟ ਸ੍ਰੀ ਦੇਸ ਰਾਜ ਵਾਸੀ ਬੀ-3-264, ਕੂਚਾ ਪੰਡਤ ਬੇਲੀ ਰਾਮ, ਪੁਰਾਣਾ ਬਜਾਰ, ਲੁਧਿਆਣਾ । |
| 4 | ਮੰਗੀ ਗਈ ਸੂਚਨਾ ਦਾ ਵੇਰਵਾ<br>ੳ) ਸਮਾਂ ਜਿਸ ਨਾਲ ਸੂਚਨਾ ਸਬੰਧੀ ਹੈ :<br>ਅ) ਮੰਗੀ ਗਈ ਸੂਚਨਾ ਦੀ ਵਿਆਖਿਆ | ਸ੍ਰੀ ਮਾਨ ਜੀ,<br>ਇਹ ਦਸਿਆ ਜਾਵੇ ਕਿ<br>1. ਮੋਟਰ ਵਹੀਕਲ ਇੰਸਪੈਕਟਰ ਵਲੋਂ ਘਰੇਲੂ ਅਤੇ ਕਮਰਸ਼ੀਅਲ ਗੱਡੀਆਂ ਜਿਵੇ ਮੋਟਰ ਸਾਈਕਲ, ਸਕੂਟਰ, ਕਾਰ ਅਤੇ ਟੈਂਪੂ, ਥ੍ਰੀ ਵਹੀਲਰ ਵਗੈਰਾ ਦੀ ਪਾਸਿੰਗ ਫੀਸ ਅਤੇ ਪੈਨਲਟੀ ਕਿੰਨੀ ਹੈ, ਫੀਸਾਂ ਅਤੇ ਪੈਨਲਟੀ ਦੀ ਨੋਟੀਫਿਕੇਸ਼ਨ ਦੀ ਕਾਪੀ ਦਿੱਤੀ ਜਾਵੇ ।<br>2. ਇਹ ਦਸਿਆ ਜਾਵੇ ਕਿ ਮੋਟਰ ਵਹੀਕਲ ਇੰਸਪੈਕਟਰ ਕਿਹੜੇ ਫਾਰਮ ਸਕੈਨ ਕਰਦੇ ਹਨ ਜਿਵੇ ਕੀ ਆਰ.ਸੀ. ਰੀਨਿਊਲ ਕਰਨ ਲਈ ਸਕੈਨ ਫੀਸ ਕਟਵਾਉਣੀ ਪੈਂਦੀ ਹੈ ਅਤੇ ਪਾਸਿੰਗ ਲਈ ਵੀ ਸਕੈਨ ਫੀਸ ਕਟਾਉਣੀ ਪੈਂਦੀ ਹੈ ਇਹ ਸਕੈਨਿੰਗ ਫੀਸ ਦੋ ਵਾਰ ਕਿਉਂ ਲਈ ਜਾਂਦੀ ਹੈ ਇਹ ਸਪਸ਼ਟ ਕੀਤਾ ਜਾਵੇ<br>3. ਇਹ ਦਸਿਆ ਜਾਵੇ ਕਿ ਫੈਂਸੀ ਨੰਬਰਾਂ ਦੀ ਬੋਲੀ ਆਨ ਲਾਈਨ ਹੋਣ ਤੋ ਪਹਿਲਾਂ ਫੈਂਸੀ ਨੰਬਰਾਂ ਦੀ ਬੋਲੀ ਕਰਵਾਈ ਜਾਂਦੀ ਸੀ ਬੋਲੀ ਹੋਣ ਤੋ ਪਹਿਲਾਂ ਨੰਬਰਾਂ ਦੇ ਹਿਸਾਬ ਨਾਲ ਰਕਮ 500/-ਰੁਪੈ, 1000/-ਰੁਪੈ, 1500/-ਰੁਪੈ ਦੇ ਡੀ.ਟੀ.ਓ. ਲੁਧਿਆਣਾ ਦੇ ਨਾਮ ਤੇ ਡਿਮਾਂਡ ਡਰਾਫਟ ਐਪਲੀਕੇਂਟ ਵਲੋਂ ਫੈਂਸੀ ਨੰਬਰ ਲੈਣ ਲਈ ਐਪਲੀਕੇਸ਼ਨ ਨਾਲ ਲਏ ਜਾਂਦੇ ਸਨ । ਐਪਲੀਕੇਂਟ ਵਲੋਂ ਫੈਂਸੀ ਨੰਬਰ ਲੈਣ ਦੇ ਉਪਰੰਤ ਜਿਹੜਾ ਫੈਂਸੀ ਨੰਬਰ ਅਲਾਟ ਹੋਇਆ ਉਸ ਦੇ ਨਾਲ ਜਿਹੜੀ ਵੀ ਰਕਮ ਦਾ ਡੀ.ਡੀ. ਲਗਿਆ ਹੋਇਆ ਉਸ ਰਕਮ ਦਾ ਡੀ.ਡੀ. ਵਾਪਸ ਦੇਣਾ ਹੁੰਦਾ ਹੈ ਅਤੇ ਅਸਫਲ ਬੋਲੀ ਕਰਤਾ ਨੂੰ ਵੀ ਵਾਪਸ ਦੇਣਾ ਹੁੰਦਾ ਹੈ ਕਿੰਨੇ ਐਪਲੀਕੇਂਟਾਂ ਨੂੰ ਡੀ.ਡੀ. ਵਾਪਸ ਕੀਤੇ ਉਹਨਾ ਬਾਰੇ ਦਸਿਆ ਜਾਵੇ ਅਤੇ ਕਿਸ ਕਿਸ ਨੂੰ ਵਾਪਸ ਭੇਜੇ ਜਾਂ ਦਿੱਤੇ ਉਹਨਾਂ ਦੀ ਡਿਟੇਲ ਦਿੱਤੀ ਜਾਵੇ<br>4. ਇਹ ਦਸਿਆ ਜਾਵੇ ਕਿ ਪੰਜਾਬ ਸਰਕਾਰ ਵਲੋਂ ਮਦਦ ਦੇ ਤੌਰ ਤੇ ਕਿੰਨੇ ਕੰਪਿਊਟਰ ਪਹਿਲਾਂ ਅਤੇ ਬਾਅਦ ਵਿੱਚ ਆਏ ਹਨ ਅਤੇ ਉਹ ਕੰਪਿਊਟਰ ਕੌਣ ਕੌਣ ਇਸਤੇਮਾਲ ਕਰ ਰਿਹਾ ਹੈ<br>5. ਇਹ ਦਸਿਆ ਜਾਵੇ ਕਿ ਡਰਾਈਵਿੰਗ ਲਾਈਸੰਸ ਨਵਾਂ, ਰੀਨਿਊਅਲ, ਡੁਪਲੀਕੇਟ ਅਤੇ ਆਰ.ਸੀ. ਨਵੀਂ, ਟਰਾਂਸਫਰ, ਹਾਇਰਪਰਚੇਜ਼, ਡੁਪਲੀਕੇਟ ਵਗੈਰਾ ਦਾ ਜੋ ਸਮਾਰਟ ਕਾਰਡ ਬਣਾ ਕੇ ਦਿੱਤਾ ਜਾਂਦਾ ਹੈ ਕਿ ਇਹ ਸਰਕਾਰ ਵਲੋਂ ਬਣਾਏ ਹੋਏ ਮਾਪਦੰਡ ਮੁਤਾਬਕ ਹੈ ਕਿ ਨਹੀਂ ਜੇਕਰ ਮਾਪਦੰਡ ਮੁਤਾਬਕ ਹੈ ਤਾਂ ਸਮਾਰਟ ਕਾਰਡ ਦੀ ਪੂਰੀ ਸਪੈਸੀਫਿਕੇਸ਼ਨ ਦਿੱਤੀ ਜਾਵੇ ਅਤੇ ਇਸਦੀ ਲਾਈਫ ਕਿੰਨੀ ਹੈ ।<br>6. ਇਹ ਦਸਿਆ ਜਾਵੇ ਕਿ ਡਰਾਈਵਿੰਗ ਲਾਈਸੰਸ, ਨਵਾਂ, ਰਿਨਿਊਅਲ, ਡੁਪਲੀਕੇਟ ਅਤੇ ਆਰ.ਸੀ. ਨਵੀਂ, ਟਰਾਂਸਫਰ, ਹਾਇਰਪਰਚੇਜ਼, ਡੁਪਲੀਕੇਟ ਵਗੈਰਾ ਦਾ ਜੋ ਸਮਾਰਟ ਕਾਰਡ ਬਣਾਕੇ ਦਿੱਤਾ ਜਾਂਦਾ ਹੈ ਕਿ ਉਸ ਵਿੱਚ ਮਹਿਕਮੇ/ ਕੰਪਨੀ ਵਲੋਂ ਜੋ ਵੀ ਟਾਈਪਿੰਗ ਵਿੱਚ ਗਲਤੀ ਹੋਵੇ ਅਤੇ ਫੋਟੋ ਠੀਕ ਨਾ ਆਵੇ ਉਸ ਦੀ ਕੁਰੈਕਸ਼ਨ ਕਰਵਾਉਣ ਲਈ ਅਤੇ ਰੀ-ਫੋਟੋ ਕਰਵਾਉਣ ਲਈ ਦੁਬਾਰਾ ਐਪਲੀਕੇਂਟ ਤੋ ਫੀਸ ਲਈ ਜਾਂਦੀ । ਜਦਕਿ ਇਹ ਗਲਤੀ ਮਹਿਕਮੇ/ ਕੰਪਨੀ ਦੀ ਹੈ । ਇਹ ਫੀਸ ਐਪਲੀਕੇਂਟ ਤੋ ਦੁਬਾਰਾ ਕਿਉਂ ਲਈ ਜਾਂਦੀ ਹੈ ਸਪਸ਼ਟ ਕੀਤਾ ਜਾਵੇ |
| 5 | ਸੂਚਨਾ ਡਾਕ ਰਾਹੀਂ ਜਾਂ ਖੁੱਦ ਲੈਣੀ ਹੈ ਜੇ ਡਾਕ ਰਾਹੀ ਤਾਂ ਕੀ ਸਧਾਰਨ ਡਾਕ/ਰਜਿਸਟਰਡ ਡਾਕ ਜਾਂ ਸਪੀਡ ਪੋਸਟ | ਸਧਾਰਨ ਡਾਕ ਰਾਹੀ |
| 6 | ਜਮਾਂ ਕਰਵਾਈ ਫੀਸ ਡਰਾਫਟ/ਇੰਡੀਅਨ ਪੋਸਟਲ ਆਰਡਰ/ਸੀ.ਏ.-16 ਨੰਬਰ ਰਸੀਦ | ਇੰਡੀਅਨ ਪੋਸਟਲ ਆਰਡਰ ਨੰ: 31F 343325<br>ਮਿਤੀ: 09/12/2015 ਰਕਮ 10/-ਰੁਪੈ |
| | ਸਥਾਨ ਅਤੇ ਮਿਤੀ : | ਲੁਧਿਆਣਾ ਮਿਤੀ: 09-12-2015 |

अधपन्ना COUNTERFOIL
इसे अलग करके भेजने वाला अपने पास रख लें।
To be detached and kept by the Sender.
पोस्टल आर्डर
₹ 10
POSTAL ORDER
किसे देय है To whom payable D.T.O.
Govt D.T.O. Ludhiana
किस डाकघर में At what Office Head P.O.
क्या इसे क्रास किया है Whether crossed
भेजने की तिथि Date sent 09-12-2015
31F 343325

ਬਿਨੈਕਾਰ ਦਾ ਫੋਨ ਨੰ:

ਅਰਜੀ ਦੇਣ ਵਾਲੇ ਦੇ ਦਸਤਖਤ